Punjab Government Gazette

Published by Authority

No. 33] CHANDIGARH, FRIDAY, AUGUST 14, 2026 (SRAVANA 23, 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਗ੍ਰਹਿ ਮਾਮਲੇ ਵਿਭਾਗ

(ਗ੍ਰਹਿ-3 ਸ਼ਾਖਾ)

ਹੁਕਮ

ਮਿਤੀ 24 ਜੂਨ, 2025

ਨੰ. HOME-HM-30ESBM/398/2025-2H3 (E918811)/I/1133487/2025.-ਹੁਕਮ ਨੰ. HOME-HM-30ESBM/92/2024-2H3/I/1051761 ਮਿਤੀ 11.03.2025 ਰਾਹੀਂ ਸ਼੍ਰੀ ਰਛਪਾਲ ਸਿੰਘ, ਪੀ.ਪੀ.ਐਸ. ਨੰ. 37/ਐਫ.ਆਰ., ਉਪ ਕਪਤਾਨ ਪੁਲਿਸ ਨੂੰ 58 ਸਾਲ ਦੀ ਉਮਰ ਪੂਰੀ ਕਰਨ ਤੇ ਮਿਤੀ 28.02.2025 (ਬ.ਦੁ.) ਸੇਵਾ ਨਿਵਿਰਤ ਇਸ ਸ਼ਰਤ ਤੇ ਕੀਤਾ ਗਿਆ ਸੀ ਕਿ ਅਧਿਕਾਰੀ ਵਿਰੁੱਧ ਮੁਕੱਦਮਾ ਨੰ. 55 ਮਿਤੀ 28.07.2013 ਅ/ਧ 15/61/85 ਐਨ.ਡੀ.ਪੀ.ਐਸ. ਐਕਟ, ਥਾਣਾ ਅਜੀਤਵਾਲ ਜਿਲ੍ਹਾ ਮੋਗਾ ਦੀ ਤਫਤੀਸ਼ ਸਹੀ ਢੰਗ ਨਾ ਕਰਨ ਦੇ ਸਬੰਧ ਵਿੱਚ ਆਰੰਭੀ ਗਈ ਵਿਭਾਗੀ ਪੜਤਾਲ ਵਿੱਚ ਲਿਆ ਜਾਣ ਵਾਲਾ ਅੰਤਿਮ ਫੈਸਲਾ ਇੰਨ-ਬਿੰਨ ਲਾਗੂ ਹੋਵੇਗਾ ਅਤੇ ਇਸ ਅਧਿਕਾਰੀ ਵਿਰੁੱਧ ਭਵਿੱਖ ਵਿੱਚ ਜੇਕਰ ਕੋਈ ਕ੍ਰਿਮੀਨਲ, ਸਿਵਲ ਜਾਂ ਅਨੁਸ਼ਾਸ਼ਨੀ ਕਾਰਵਾਈ ਕਰਨ ਬਾਰੇ ਮਾਮਲਾ ਧਿਆਨ ਵਿੱਚ ਆਉਂਦਾ ਹੈ ਤਾਂ ਅਧਿਕਾਰੀ ਵਿਰੁੱਧ ਪੰਜਾਬ ਸੀ.ਐਸ.ਆਰ. ਭਾਗ-2 ਦੇ ਨਿਯਮ 2.2 ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਬਾਅਦ ਜੇਕਰ ਅਧਿਕਾਰੀ ਵਿਰੁੱਧ ਕਿਸੇ ਸਟੇਜ ਤੇ ਕੋਈ ਰਿਕਵਰੀ ਸਾਹਮਣੇ ਆਉਂਦੀ ਹੈ ਤਾਂ ਉਸਦੀ ਭਰਪਾਈ ਇਸਦੀ ਗਰੈਚੂਟੀ/ਪੈਨਸ਼ਨ ਵਿੱਚੋਂ ਕਰ ਲਈ ਜਾਵੇਗੀ।

2. ਇਹ ਹੁਕਮ ਜਾਰੀ ਕਰਨ ਉਪਰੰਤ ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਗ੍ਰਹਿ ਮਾਮਲੇ ਵਿਭਾਗ (ਗ੍ਰਹਿ-1 ਸ਼ਾਖਾ) ਵੱਲੋਂ ਹੁਕਮ ਮਿਤੀ 28.02.2025 ਰਾਹੀਂ ਉਕਤ ਅਧਿਕਾਰੀ ਸ਼੍ਰੀ ਰਛਪਾਲ ਸਿੰਘ ਦੀ ਬਤੌਰ ਕਪਤਾਨ ਪੁਲਿਸ ਪਲੇਸਮੈਂਟ ਕੀਤੀ ਗਈ ਹੈ।

3. ਉਪਰੋਕਤ ਤੱਥਾਂ ਦੇ ਆਧਾਰ ਤੇ ਸ਼੍ਰੀ ਰਛਪਾਲ ਸਿੰਘ, ਪੀ.ਪੀ.ਐਸ. ਨੰ. 37/ਐਫ.ਆਰ. ਦੇ ਸੇਵਾ ਨਿਵਿਰਤੀ ਦੇ ਹੁਕਮ ਨੰ. HOME-HM-30ESBM/92/2024-2H3/I/1051761 ਮਿਤੀ 11.03.2025 ਵਾਪਸ ਲਏ ਜਾਂਦੇ ਹਨ।

ਅਲੋਕ ਸ਼ੇਖਰ, ਆਈ.ਏ.ਐਸ.,
ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਗ੍ਰਹਿ ਮਾਮਲੇ ਵਿਭਾਗ।

ਚੰਡੀਗੜ੍ਹ
ਮਿਤੀ 23 ਜੂਨ, 2025

3796/8-2026/Pb. Govt. Press, S.A.S. Nagar